**Press Note**

JAGAT GURU NANAK DEV PUNJAB STATE OPEN UNIVERSITY, PATIALA

(Established by Act No.19 of 2019 of Legislature of the State of Punjab)

PSOU/PRO/2024/126

28 ਨਵੰਬਰ 2024

## JGND PSOU ਵਿਖੇ ਨੈਸ਼ਨਲ ਸਕਿੱਲ ਡਿਵੈਲਪਮੈਂਟ 'ਤੇ ਵਿਸ਼ੇਸ਼ ਸੈਸ਼ਨ

**25 ਨਵੰਬਰ 2024**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ (JGND PSOU), ਪਟਿਆਲਾ ਵੱਲੋਂ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਅਗਵਾਈ ਹੇਠ ਨੈਸ਼ਨਲ ਸਕਿੱਲ ਡਿਵੈਲਪਮੈਂਟ 'ਦਾ ਵਿਸ਼ੇਸ਼ ਸੈਸ਼ਨ 25 ਨਵੰਬਰ 2024 ਨੂੰ ਆਯੋਜਿਤ ਕੀਤਾ ਗਿਆ। ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਜੀ ਵੱਲੋਂ ਕਿਹਾ ਗਿਆ ਕਿ ਯੂਨੀਵਰਸਿਟੀ ਵੱਲੋਂ ਬਹੁਤ ਸਾਰੇ ਇਸ ਤਰ੍ਹਾਂ ਦੇ ਪ੍ਰੋਗਰਾਮ ਸ਼ੁਰੂ ਕੀਤੇ ਜਾ ਰਹੇ ਹਨ ਜਿਸ ਨਾਲ ਵਿਦਿਆਰਥੀਆਂ ਦੀ ਸਕਿਲ ਡਿਵੈਲਪਮੈਂਟ ਕੀਤੀ ਜਾ ਸਕੇ। ਉਹਨਾਂ ਕਿਹਾ ਕਿ ਅੱਜ ਦੇ ਤਕਨੀਕੀ ਤੇ ਪ੍ਰਗਤੀਸ਼ੀਲ ਯੁੱਗ ਵਿੱਚ ਵਿਦਿਆਰਥੀਆਂ ਦਾ ਕਿੱਤਾ ਮੁਖੀ ਵਿਕਾਸ ਕਰਨਾ ਜਰੂਰੀ ਹੈ।

ਡਾ. ਸਤਿੰਦਰ ਸਿੰਘ ਕੌੜਾ, ਅਡਵਾਈਜ਼ਰ ਨੈਸ਼ਨਲ ਸਕਿਲ ਡਿਵੈਲਪ ਐਂਡ ਕੋਰਪੋਰੇਸ਼ਨ ਫ਼ਾਰ ਸਕਿਲ ਇੰਡੀਆ ਇੰਟਰਨੈਸ਼ਨਲ ਮਿਸ਼ਨ ਅਤੇ ਮਨਿਸਟਰੀ ਆਫ਼ ਸਕਿਲ ਡਿਵੈਲਪਮੈਂਟ ਐਂਡ ਅੰਤ੍ਰਪ੍ਰੇਨਿਊਰਸ਼ਿਪ, ਗੋਰਮੈਂਟ ਆਫ ਇੰਡੀਆ ਵੱਲੋਂ ਸਕਿਲ ਡਿਵੈਲਪਮੈਂਟ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸ ਮੌਕੇ ਸ੍ਰੀ ਮੁਹੰਮਦ ਅਜ਼ੀਜ਼, ਡਾਇਰੈਕਟਰ ਜਨਰਲ ਮੈਨੇਜਰ, ਐਨ.ਐਸ.ਡੀ.ਸੀ, ਅਤੇ ਸ੍ਰੀ ਸੰਜੇ ਮਾਲਵੀਯਾ, ਫਾਊਂਡਰ ਅਤੇ ਸੀ.ਈ.ਓ ਕਿਊ. ਏ.ਆਈ. (ਯੂ.ਕੇ.), ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, (ਰਜਿਸਟਰਾਰ) ਅਤੇ ਪ੍ਰੋ. (ਡਾ.) ਗੁਰਦੀਪ ਸਿੰਘ ਬੱਤਰਾ, ਡੀਨ ਅਕਾਦਮਿਕ ਮਾਮਲੇ, ਪ੍ਰੋ. (ਡਾ.) ਕੰਵਲਵੀਰ ਸਿੰਘ ਢੀਂਡਸਾ, ਕੰਟਰੋਲਰ ਪ੍ਰੀਖਿਆਵਾਂ, ਡਾ. ਅਮਿਤੋਜ ਸਿੰਘ, ਡਾਇਰੈਕਟਰ ਸੀ.ਆਈ.ਟੀ.ਐਸ ਅਤੇ ਯੂਨੀਵਰਸਿਟੀ ਤੇ ਵੱਖ-ਵੱਖ ਡਿਪਾਰਟਮੈਂਟਾਂ ਦੇ ਡਾਇਰੈਕਟਰ ਅਤੇ ਮੁਖੀ ਹਾਜ਼ਰ ਸਨ।

ਡਾ. ਸਤਿੰਦਰ ਸਿੰਘ ਕੌੜਾ ਨੇ ਵਿੱਚ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ (NSDC) ਦੇ ਇਤਿਹਾਸ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਕਿੱਲ ਇੰਡੀਆ ਇੰਟਰਨੈਸ਼ਨਲ ਮਿਸ਼ਨ ਅਤੇ ਭਾਰਤ ਸਰਕਾਰ ਦੇ ਸਕਿੱਲ ਡਿਵੈਲਪਮੈਂਟ ਅਤੇ ਅੰਤ੍ਰਪ੍ਰੇਨਿਊਰਸ਼ਿਪ ਮੰਤਰਾਲਾ ਦੇ ਤਹਿਤ ਚਲ ਰਹੇ ਪ੍ਰੋਗਰਾਮ 'ਤੇ ਰੌਸ਼ਨੀ ਪਾਈ। ਡਾ. ਕੌੜਾ ਨੇ ਕਿਹਾ ਕਿ ਭਾਰਤ ਸਰਕਾਰ ਦੀਆਂ ਸਕੀਮਾਂ ਅਧੀਨ ਵਿਦਿਆਰਥੀਆਂ ਦੀ ਕੁਸ਼ਲਤਾ ਵਧਾਉਣ ਲਈ 'ਤੇ ਰੁਜ਼ਗਾਰ ਦਾ ਮੌਕਾ ਪ੍ਰਦਾਨ ਕਰਨ ਲਈ ਨਿਰੰਤਰ ਕੋਸ਼ਿਸ਼ ਕੀਤੀ ਜਾ ਰਹੀ ਹੈ।

ਡਾ. ਅਮਿਤੋਜ ਸਿੰਘ, ਡਾਇਰੈਕਟਰ ਸੀ.ਆਈ.ਟੀ.ਐਸ. ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਯੂਨੀਵਰਸਿਟੀ ਦੇ ਲਰਨਰ ਸਪੋਰਟ ਸੈਂਟਰਸ, ਫੈਕਲਟੀ ਦੀਆਂ ਪ੍ਰਾਪਤੀਆਂ, ਅਤੇ ਯੂਨੀਵਰਸਿਟੀ ਦੇ ਪ੍ਰਬੰਧਕੀ ਸੰਸਥਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਧੰਨਵਾਦੀ ਸ਼ਬਦ ਡਾ. ਬਲਜੀਤ ਸਿੰਘ ਖਹਿਰਾ, ਰਜਿਸਟਰਾਰ ਵੱਲੋਂ ਦਿੱਤਾ ਗਿਆ, ਜਿਨ੍ਹਾਂ ਨੇ ਕਿਹਾ ਕਿ ਇਹ ਸੈਸ਼ਨ ਯੂਨੀਵਰਸਿਟੀ ਦੇ ਸਾਰੇ ਅਧਿਆਪਕ ਮੈਂਬਰਾਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ।

28/11/24

Director-Public Relations Cell
Jagat Guru Nanak Dev
Punjab State Open University
Patiala – 147001(PB) INDIA

ਡਾਇਰੈਕਟਰ
ਲੋਕ ਸੰਪਰਕ ਸੈੱਲ

**News Clips**



ਓਪਨ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਏ ਵਿਸ਼ੇਸ਼ ਸੈਸ਼ਨ ਦੀ ਪ੍ਰਧਾਨਗੀ ਕਰਦੇ ਹੋਏ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ। ਪੰਜਾਬੀ ਜਾਗਰਣ

# ਨੈਸ਼ਨਲ ਸਕਿੱਲ ਡਿਵੈੱਲਪਮੈਂਟ ’ਤੇ ਵਿਸ਼ੇਸ਼ ਸੈਸ਼ਨ ਕਰਵਾਇਆ

**ਪੱਤਰ ਪ੍ਰੇਰਕ, ਪੰਜਾਬੀ ਜਾਗਰਣ** • **ਪਟਿਆਲਾ** : ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵੱਲੋਂ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਅਗਵਾਈ ਹੇਠ ਨੈਸ਼ਨਲ ਸਕਿੱਲ ਡਿਵੈੱਲਪਮੈਂਟ ‘ਤੇ ਵਿਸ਼ੇਸ਼ ਸੈਸ਼ਨ ਕਰਵਾਇਆ ਗਿਆ। ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਬਹੁਤ ਸਾਰੇ ਅਜਿਹੇ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ ਜਿਸ ਨਾਲ ਵਿਦਿਆਰਥੀਆਂ ਦੀ ਸਕਿੱਲ ਡਿਵੈੱਲਪਮੈਂਟ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਦੇ ਤਕਨੀਕੀ ਤੇ ਪ੍ਰਗਤੀਸ਼ੀਲ ਯੁੱਗ ਵਿਚ ਵਿਦਿਆਰਥੀਆਂ ਦਾ ਕਿੱਤਾ ਮੁਖੀ ਵਿਕਾਸ ਕਰਨਾ ਜ਼ਰੂਰੀ ਹੈ। ਡਾ. ਸਤਿੰਦਰ ਸਿੰਘ ਕੌੜਾ ਐਡਵਾਈਜ਼ਰ ਨੈਸ਼ਨਲ ਸਕਿਲ ਡਿਵੈੱਲਪਐਂਡ ਕਾਰਪੋਰੇਸ਼ਨ ਫ਼ਾਰ ਸਕਿਲ ਇੰਡੀਆ ਇੰਟਰਨੈਸ਼ਨਲ ਮਿਸ਼ਨ ਤੇ ਮਨਿਸਟਰੀ ਆਫ਼ ਸਕਿੱਲ ਡਿਵੈੱਲਪਮੈਂਟ ਐਂਡ ਅੰਤ੍ਰਪ੍ਰੇਨਿਊਰਸ਼ਿਪ, ਗੌਰਮਿੰਟ ਆਫ ਇੰਡੀਆ ਵੱਲੋਂ ਸਕਿੱਲ ਡਿਵੈੱਲਪਮੈਂਟ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਡਾ. ਅਮਿਤੋਜ ਸਿੰਘ, ਡਾਇਰੈਕਟਰ ਸੀਆਈਟੀਐਸ ਨੇ ’ਵਰਸਿਟੀ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਯੂਨੀਵਰਸਿਟੀ ਦੇ ਲਰਨਰ ਸਪੋਰਟ ਸੈਂਟਰਸ, ਫੈਕਲਟੀ ਦੀਆਂ ਪ੍ਰਾਪਤੀਆਂ ਤੇ ’ਵਰਸਿਟੀ ਦੇ ਪ੍ਰਬੰਧਕੀ ਸੰਸਥਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਧੰਨਵਾਦੀ ਸ਼ਬਦ ਡਾ. ਬਲਜੀਤ ਸਿੰਘ ਖਹਿਰਾ, ਰਜਿਸਟਰਾਰ ਵੱਲੋਂ ਦਿੱਤਾ ਗਿਆ। ਇਸ ਮੌਕੇ ਮੁਹੰਮਦ ਅਜ਼ੀਜ਼, ਡਾਇਰੈਕਟਰ ਜਨਰਲ ਮੈਨੇਜਰ, ਐਨਐਸਡੀਸੀ ਤੇ ਸੰਜੇ ਮਾਲਵੀਯਾ, ਫਾਊਂਡਰ ਅਤੇ ਸੀਈਓ ਕਿਊ.ਏ.ਆਈ. (ਯੂ.ਕੇ.), ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, (ਰਜਿਸਟਰਾਰ) ਅਤੇ ਪ੍ਰੋ. (ਡਾ.) ਗੁਰਦੀਪ ਸਿੰਘ ਬੱਤਰਾ, ਡੀਨ ਅਕਾਦਮਿਕ ਮਾਮਲੇ, ਪ੍ਰੋ. (ਡਾ.) ਕੰਵਲਵੀਰ ਸਿੰਘ ਢੀਂਡਸਾ, ਕੰਟਰੋਲਰ ਪ੍ਰੀਖਿਆਵਾਂ, ਡਾ. ਅਮਿਤੋਜ ਸਿੰਘ, ਡਾਇਰੈਕਟਰ ਸੀਆਈਟੀਐਸ ਅਤੇ ਯੂਨੀਵਰਸਿਟੀ ਤੇ ਵੱਖ-ਵੱਖ ਡਿਪਾਰਟਮੈਂਟਾਂ ਦੇ ਡਾਇਰੈਕਟਰ ਅਤੇ ਮੁਖੀ ਹਾਜ਼ਰ ਸਨ।

SAT,30 NOVEMBER 2024
EDITION: PATIALA BANI, PAGE NO. 1

# ਜਗਤਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਵਿਖੇ ਨੈਸ਼ਨਲ ਸਕਿੱਲ ਡਿਵੈਲਪਮੈਂਟ 'ਤੇ ਵਿਸ਼ੇਸ਼ ਸੈਸ਼ਨ ਆਯੋਜਿਤ

ਪਟਿਆਲਾ, 29 ਨਵੰਬਰ (ਰਾਜੇਸ਼ ਪੰਜੌਲਾ)- ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵੱਲੋਂ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਅਗਵਾਈ ਹੇਠ ਨੈਸ਼ਨਲ ਸਕਿੱਲ ਡਿਵੈਲਪਮੈਂਟ 'ਤੇ ਵਿਸ਼ੇਸ਼ ਸੈਸ਼ਨ ਆਯੋਜਿਤ ਕੀਤਾ ਗਿਆ। ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਵਲੋਂ ਬਹੁਤ ਸਾਰੇ ਇਸ ਤਰ੍ਹਾਂ ਦੇ ਪ੍ਰੋਗਰਾਮ ਸ਼ੁਰੂ ਕੀਤੇ ਜਾ ਰਹੇ ਹਨ, ਜਿਸ ਨਾਲ ਵਿਦਿਆਰਥੀਆਂ ਦੀ ਸਕਿੱਲ ਡਿਵੈਲਪਮੈਂਟ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਦੇ ਤਕਨੀਕੀ ਤੇ ਪ੍ਰਗਤੀਸ਼ੀਲ ਯੁੱਗ 'ਚ ਵਿਦਿਆਰਥੀਆਂ ਦਾ ਕਿੱਤਾ ਮੁਖੀ ਵਿਕਾਸ ਕਰਨਾ ਜ਼ਰੂਰੀ ਹੈ।



ਨੈਸ਼ਨਲ ਸਕਿੱਲ ਡਿਵੈਲਪਮੈਂਟ ਸੈਸ਼ਨ ਦਾ ਦ੍ਰਿਸ਼। (ਫੋਟੋ)

ਡਾ. ਸਤਿੰਦਰ ਸਿੰਘ ਕੌੜਾ ਐਡਵਾਈਜ਼ਰ ਨੈਸ਼ਨਲ ਸਕਿੱਲ ਡਿਵੈਲਪ ਐਂਡ ਕਾਰਪੋਰੇਸ਼ਨ ਫਾਰ ਸਕਿੱਲ ਇੰਡੀਆ ਇੰਟਰਨੈਸ਼ਨਲ ਮਿਸ਼ਨ ਅਤੇ ਮਨਿਸਟਰੀ ਆਫਸਕਿਲ ਡਿਵੈਲਪਮੈਂਟ ਐਂਡ ਅੰਤ੍ਰਪ੍ਰੇਨਿਉਰਸ਼ਿਪ, ਗੌਰਮੈਂਟ ਆਫ ਇੰਡੀਆ ਵੱਲੋਂ ਸਕਿੱਲ ਡਿਵੈਲਪਮੈਂਟ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ।

ਇਸ ਮੌਕੇ ਮੁਹੰਮਦ ਅਜੀਜ ਡਾਇਰੈਕਟਰ ਜਨਰਲ ਮੈਨੇਜਰ ਐੱਨ. ਐੱਸ. ਡੀ. ਸੀ ਅਤੇ ਸੰਜੇ ਮਾਲਵੀਯਾ ਫਾਊਂਡਰ ਅਤੇ ਸੀ. ਈ. ਓ. ਕਿਊ. ਏ. ਆਈ. (ਯੂ. ਕੇ.), ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ (ਰਜਿਸਟਰਾਰ) ਅਤੇ ਪ੍ਰੋ. (ਡਾ.) ਗੁਰਦੀਪ ਸਿੰਘ ਬੱਤਰਾ ਡੀਨ ਅਕਾਦਮਿਕ ਮਾਮਲੇ, ਪ੍ਰੋ. (ਡਾ.) ਕੰਵਲਵੀਰ ਸਿੰਘ ਢੀਂਡਸਾ ਕੰਟਰੋਲਰ ਪ੍ਰੀਖਿਆਵਾਂ, ਡਾ. ਅਮਿਤੋਜ ਸਿੰਘ ਡਾਇਰੈਕਟਰ ਸੀ. ਆਈ. ਟੀ. ਐਸ. ਅਤੇ ਯੂਨੀਵਰਸਿਟੀ ਤੇ ਵੱਖ-ਵੱਖ ਡਿਪਾਰਟਮੈਂਟਾਂ ਦੇ ਡਾਇਰੈਕਟਰ ਅਤੇ ਮੁਖੀ ਹਾਜ਼ਰ ਸਨ। ਡਾ. ਸਤਿੰਦਰ ਸਿੰਘ ਕੌੜਾ ਨੇ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਇਤਿਹਾਸ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਨੇ ਸਕਿੱਲ ਇੰਡੀਆ ਇੰਟਰਨੈਸ਼ਨਲ ਮਿਸ਼ਨ ਅਤੇ ਭਾਰਤ ਸਰਕਾਰ ਦੇ ਸਕਿੱਲ ਡਿਵੈਲਪਮੈਂਟ ਅਤੇ ਅੰਤ੍ਰਪ੍ਰੇਨਿਊਰਸ਼ਿਪ ਮੰਤਰਾਲਾ ਤਹਿਤ ਚੱਲ ਰਹੇ ਪ੍ਰੋਗਰਾਮ 'ਤੇ ਰੌਸ਼ਨੀ ਪਾਈ। ਡਾ. ਕੌੜਾ ਨੇ ਕਿਹਾ ਕਿ ਭਾਰਤ ਸਰਕਾਰ ਦੀਆਂ ਸਕੀਮਾਂ ਅਧੀਨ ਵਿਦਿਆਰਥੀਆਂ ਦੀ ਕੁਸ਼ਲਤਾ ਵਧਾਉਣ ਲਈ ਤੇ ਰੋਜ਼ਗਾਰ ਦਾ ਮੌਕਾ ਪ੍ਰਦਾਨ ਕਰਨ ਲਈ ਨਿਰੰਤਰ ਕੋਸ਼ਿਸ਼ ਕੀਤੀ ਜਾ ਰਹੀ ਹੈ।

ਡਾ. ਅਮਿਤੋਜ ਸਿੰਘ ਡਾਇਰੈਕਟਰ ਸੀ. ਆਈ. ਟੀ. ਐੱਸ. ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਯੂਨੀਵਰਸਿਟੀ ਦੇ ਲਰਨਰ ਸਪੋਰਟ ਸੈਂਟਰਸ, ਫੈਕਲਟੀ ਦੀਆਂ ਪ੍ਰਾਪਤੀਆਂ ਅਤੇ ਯੂਨੀਵਰਸਿਟੀ ਦੇ ਪ੍ਰਬੰਧਕੀ ਸੰਸਥਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

## Photos






PUNJAB STATE OPEN UNIVERSITY
PATIALA
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ
Prof. Karamjeet Singh






**Link**

[https://www.instagram.com/p/DC8lHGfPYL7/?hl=en](https://www.instagram.com/p/DC8lHGfPYL7/?hl=en)

[https://www.facebook.com/photo/?fbid=122218604942031399&set=a.122130675002031399](https://www.facebook.com/photo/?fbid=122218604942031399&set=a.122130675002031399)